International Journal of Applied Research 2016; 2(6): 113-117




**ISSN Print:** 2394-7500
**ISSN Online:** 2394-5869
**Impact Factor:** 5.2
IJAR2016; 2(6): 113-117
www.allresearchjournal.com
Received: 22-04-2016
Accepted: 25-05-2016

**Dr. Iqbal Kaur**
Associate Professor,
Department of Punjabi,
Mata Sundri College, Delhi
University, New Delhi, India

**Correspondence**
**Dr. Iqbal Kaur**
Associate Professor,
Department of Punjabi,
Mata Sundri College, Delhi
University, New Delhi, India

# ਨਿਪੱਤਾ ਰੁੱਖ ਨਦੀਮ ਪਰਮਾਰ

**Dr. Iqbal Kaur**

## ਪ੍ਰਸਤਾਵਨਾ

ਨਦੀਮ ਪਰਮਾਰ ਦੇ ਆਪਣੇ ਵਿਚਾਰ ਅਨੁਸਾਰ ਇਹ ਨਾਵਲ ਕੁਝ ਅਲੋਪ ਸੁੰਦਰ ਵਿਅਕਤੀਆਂ, ਘਟਨਾਵਾਂ ਅਤੇ ਥਾਵਾਂ ਦੇ ਨਾਮ ਹੈ ਜਿਨ੍ਹਾਂ ਨੇ ਇਸ ਨਾਵਲ ਨੂੰ ਜਨਮ ਦਿੱਤਾ। ਇਹ ਨਾਵਲ ਵੰਡ ਤੋਂ ਪਹਿਲਾਂ ਅਤੇ ਪਿੱਛੋਂ ਦੇ ਪੰਜਾਬ ਦੀ ਤਸਵੀਰ ਪੇਸ਼ ਕਰ ਰਿਹਾ ਹੈ। ਵੰਡ ਤੋਂ ਪਹਿਲਾਂ ਦੇ ਪੰਜਾਬ ਦਾ ਜਨਜੀਵਨ, ਸਮਾਜਕ ਕਾਰ-ਵਿਹਾਰ ਜਿਸ ਤਰ੍ਹਾਂ ਦਾ ਸੀ ਅਤੇ ਵੰਡ ਨੇ ਇਸ ਨੂੰ ਕਿਵੇਂ ਪ੍ਰਭਾਵਿਤ ਕੀਤਾ। ਉਹ ਲਿਖਦਾ ਹੈ How our society function ad before and after the partition of India particularly of Punjab ਨਾਵਲ ਵਿਚ 1945ਤੋਂ ਲੈ ਕੇ ਤਕ ਦਾ ਲੰਮਾ ਦੌਰ 1972 ਲਿਆ ਹੈ। ਨਾਵਲ ਦੀ ਕਹਾਣੀ ਦੇ ਤਾਣੇ-ਪੇਟੇ ਵਿਚ ਅਪ੍ਰੈਲ ਤੋਂ 1945ਲੈ ਕੇ ਤਕ 1972 ਸਮਕਾਲੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਘਟਨਾਵਾਂ ਦੀ ਪੇਸ਼ਕਾਰੀ ਵੀ ਹੋਈ ਹੈ। ਇਸ ਨਾਲ ਇਹ ਨਾਵਲ ਕੇਵਲ ਇਕ ਰੌਚਕ ਕਹਾਣੀ ਨਾ ਰਹਿ ਕੇ ਇਤਿਹਾਸਕ ਦਸਤਾਵੇਜ਼ ਵੀ ਬਣ ਜਾਂਦਾ ਹੈ। ਕੇਵਲ ਇਤਿਹਾਸਕ ਘਟਨਾਵਾਂ ਹੀ ਨਹੀਂ ਸਗੋਂ ਉਹਨਾਂ ਨਾਲ ਜੁੜੇ ਵਿਅਕਤੀਆਂ ਦੇ ਅਸਲੀ ਨਾਮ ਲਿਖੇ ਹਨ ਜਿਸ ਨਾਲ ਵਾਸਤਵਿਕਤਾ ਦੇ ਨੇੜ ਪਹੁੰਚ ਜਾਂਦਾ ਹੈ। ਇਨ੍ਹਾਂ ਨਾਵਾਂ ਨਾਲ ਅਸੀਂ ਸਭ ਭਲੀਭਾਂਤ ਵਾਕਫ਼ ਹਾਂ।

ਨਾਵਲ ਵਿਚੋਂ ਅਜਿਹੇ ਕਈ ਹਵਾਲੇ ਮਿਲਦੇ ਹਨ, ਜਿਨ੍ਹਾ ਤੋਂ ਉਸ ਸਮੇਂ ਦੇ ਪੇਂਡੂ ਸਭਿਆਚਾਰ, ਲੋਕਾਂ ਦਾ ਖਾਣਾ-ਪੀਣਾ, ਪਹਿਰਾਵਾ, ਉਸ ਸਮੇਂ ਦੀ ਤਸਵੀਰ ਜਿਸ ਵਿਚ ਹਿੰਦੂ ਸਿੱਖ ਮੁਸਲਿਮ ਦੀ ਸਾਂਝ ਮਿਲਦੀ ਸੀ, ਜਿਨ੍ਹਾਂ ਦੀ ਲੜਾਈ ਅੰਗ੍ਰੇਜ਼ਾਂ ਨਾਲ ਸੀ, ਭਾਰਤ ਨੂੰ ਆਜ਼ਾਦ ਕਰਾਉਣ ਲਈ ਉਹ ਸੁਤੰਤਰਤਾ ਸੰਗਰਾਮ ਵਿਚ ਇਕੱਠੇ ਲੜਦੇ ਸਨ। ਪਰ ਵੰਡ ਨੇ ਇਸ ਸਮੇਂ ਸਭਿਆਚਾਰ ਨੂੰ ਖੇਰੂੰ-ਖੇਰੂੰ ਕਰ ਦਿੱਤਾ ਤੇ ਉਹ ਆਪਸ ਵਿਚ ਹਮੇਸ਼ਾ ਲਈ ਦੁਸ਼ਮਣ ਬਣ ਜਾਂਦੇ ਹਨ। ਨਾਵਲ ਪੜ੍ਹਦੇ ਹੋਏ, ਸਾਨੂੰ ਉਸ ਸਮੇਂ ਦੇ ਲੋਕਾਂ ਦਾ ਰਹਿਣ-ਸਹਿਣ,

ਪਹਿਰਾਵਾ, ਖਾਣਾ-ਪੀਣਾ, ਵੱਡੇ-ਵੱਡੇ ਸਾਂਝੇ ਪਰਿਵਾਰ, ਖੇਤਾਂ ਵਿਚ ਉੱਗਣ ਵਾਲੀਆਂ ਫਸਲਾਂ, ਬਾਗਾਂ ਵਿਚ ਲੱਗੇ ਫਲਾਂ ਅਤੇ ਫੁੱਲਾਂ ਦੇ ਨਾਮ, ਪੰਛੀਆਂ ਦੇ ਨਾਮ ਆਦਿ ਦਾ ਵਰਣਨ ਬੜੀ ਸੂਖਮਤਾ ਨਾਲ ਕੀਤਾ ਹੈ। ਇਸ ਨਾਲ ਸਾਰੇ ਵੇਰਵੇ ਪਾਠਕ ਦੀਆਂ ਅੱਖਾਂ ਸਾਹਮਣੇ ਜੀਵਤ ਹੋ ਜਾਂਦੇ ਹਨ। ਇਸ ਨਾਲ ਲੇਖਕ ਸਾਨੂੰ ਉਸ ਨਾਲ ਜੋੜ ਦੇਂਦਾ ਹੈ।

.

ਨਾਵਲ ਦੀ ਕਹਾਣੀ ਦੀ ਸ਼ੁਰੂਆਤ ਮੁੱਖ ਪਾਤਰ ਅੰਬੇਰ ਸਿੰਘ ਨਾਲ ਹੁੰਦੀ ਹੈ। (ਸਾਲ 18 ਉਮਰ)ਜਿਹੜਾ ਲਾਹੌਰ ਦੇ ਕਾਲਜ ਵਿਚ ਪੜ੍ਹਦਾ ਹੈ ਤੇ ਹੁਣ ਪਿੰਡ ਵਾਪਸ ਆਇਆ ਹੈ। ਅੰਬੇਰ ਪਿੰਡ ਦੇ ਠਾਕੁਰਾਂ ਦਾ ਮੁੰਡਾ ਹੈ ਜੋ ਇਕ ਹੋਣਹਾਰ ਵਿਦਿਆਰਥੀਆਂ, ਉੱਭਰਦਾ ਹੋਇਆ ਫੁਟਬਾਲ ਦਾ ਖਿਡਾਰੀ ਹੈ ਅਤੇ ਇੰਡੀਅਨ ਏਅਰ ਫੋਰਸ ਵਿਜ ਪਾਇਲਟ ਬਣਨ ਦਾ ਸੁਪਨਾ ਲੈਂਦਾ ਹੈ ਪਰ ਪਰਿਵਾਰਕ ਹਾਲਾਤ ਉਸ ਦੇ ਰਾਹ ਵਿਚ ਰੋੜਾ ਬਣ ਜਾਂਦੇ ਹਨ।

ਇਹ ਸਮਾਂ ਦੂਜੇ ਵਿਸ਼ਵ ਯੁੱਧ ਦਾ ਦਿਖਾਇਆ ਹੈ। ਲੇਖਕ ਦੇ ਆਪਣੇ ਵਿਚਾਰ ਅਨੁਸਾਰ :

"ਇਸ ਲੜਾਈ ਦਾ ਹਿੰਦੁਸਤਾਨ ਖਾਸ ਕਰਕੇ ਪੰਜਾਬ ਦੇ ਹਰ ਪਰਿਵਾਰ ਦੀ ਆਰਥਿਕ ਤੇ ਵਿਅਕਤੀਗਤ ਸਥਿਤੀ ਤੇ ਬਹੁਤ ਅਸਰ ਪੈ ਰਿਹਾ ਸੀ। ਘਰ-ਘਰ ਵਿਚ ਸੱਥਰਾਂ ਵਿਛੀਆਂ ਹੋਈਆਂ ਸਨ। ਹਜ਼ਾਰਾਂ ਦੀ ਗਿਣਤੀ ਵਿਚ ਪੰਜਾਬੀ ਮਰ ਗਏ ਸਨ ਜਾਂ ਮਰ ਰਹੇ ਸਨ। ਕਈ ਪਰਿਵਾਰਾਂ ਦੇ ਜਵਾਨ ਪੁੱਤਰ ਤੇ ਕਮਾਊ ਬੰਦੇ, ਜਾਂ ਤਾਂ ਮਰ ਚੁੱਕੇ ਸਨ ਜਾਂ ਫਿਰ ਲਾਪਤਾ ਸਨ। ਜੋ ਜਵਾਨ ਹੋ ਰਹੇ ਸਨ ਉਹਨਾਂ ਨੂੰ ਬਿਰਧ ਦਾਦੇ-ਦਾਦੀਆਂ, ਅੱਧਖੜ ਮਾਵਾਂ, ਭਾਬੀਆਂ, ਜਵਾਨ ਹੋ ਰਹੇ ਭੈਣ-ਭਰਾਵਾਂ, ਭਤੀਜੇ ਤੇ ਭਤੀਜੀਆਂ ਦੀ ਦੇਖਭਾਲ, ਰੋਟੀ ਤੇ ਲੀੜੇ-ਲੱਤੇ ਦਾ ਫਿਕਰ ਖਾਣ ਲਗ ਪਿਆ ਸੀ। ਇਸੇ ਕਾਰਨ ਲਾਹੌਰ ਦੇ ਕਾਲਜਾਂ ਵਿਚ, ਪੰਜਾਬ ਦੇ ਹਰ ਕੋਨੇ ਤੇ ਦੂਰ-ਦੂਰ ਦੇ ਪਿੰਡਾਂ ਤੋਂ ਆਏ ਪਾੜ੍ਹਿਆਂ ਵਿਚੋਂ, ਕਈ ਤਾਂ ਆਪਣੀ ਪੜ੍ਹਾਈ ਵਿਚੇ ਛੱਡ ਕੇ ਘਰਾਂ ਨੂੰ ਚਲੇ ਗਏ ਸਨ। ਤੇ ਕੁਝ ਜਾ ਰਹੇ ਸਨ। 9 ਪੰਨਾ))

ਅੰਬੇਰ ਦਾ ਜੀਵਨ ਅਤੇ ਉਸਦਾ ਪਰਿਵਾਰ ਇਨ੍ਹਾਂ ਹਾਲਾਤਾਂ ਦੀ ਹੀ ਤਸਵੀਰ ਪੇਸ਼ ਕਰ ਰਿਹਾ ਹੈ। ਅੰਬੇਰ ਦੇ ਆਪਣੇ ਦੋ ਭਰਾ ਰਣਬੀਰ ਸਿੰਘ ਅਤੇ ਰਣਧੀਰ ਸਿੰਘ ਅਤੇ ਤਾਏ ਦੇ ਦੋ ਮੁੰਡੇ ਸ਼ੰਕਰ ਸਿੰਘ ਅਤੇ ਸ਼ਿਵ ਸਿੰਘ ਅਤੇ ਪਿੰਡ ਦੇ ਦੋ ਹੋਰ ਰਿਸ਼ਤੇਦਾਰ ਸਭ ਦੇ ਮੁੰਡੇ ਇੰਡੀਅਨ-ਬ੍ਰਿਟਿਸ਼ ਆਰਮੀ ਵਿਚ ਭਰਤੀ ਹਨ। ਇਹ ਸਭ ਅੰਗ੍ਰੇਜ਼ਾਂ ਲਈ ਦੂਜੀ ਸੰਸਾਰ ਜੰਗ ਵਿਚ ਲੜਨ ਲਈ ਜਾਂਦੇ ਹਨ ਤੇ ਸਭ ਲਾਪਤਾ ਹਨ। ਉਨ੍ਹਾਂ ਦਾ ਕੋਈ ਖ਼ਬਰ ਨਹੀਂ ਹੈ। ਘਰ ਦੀਆਂ ਔਰਤਾਂ, ਬਜ਼ੁਰਗ, ਮਾਂ, ਤਾਈ, ਭਾਬੀਆਂ, ਭਤੀਜੇ ਭਤੀਜੀਆਂ ਸਭ ਇਕ ਲੰਮੀ ਉਡੀਕ ਵਿਚ ਬੈਠੇ ਹਨ। ਇਨ੍ਹਾਂ ਸਾਰਿਆਂ ਦਾ ਇਕੋ ਇਕ ਸਹਾਰਾ ਅੰਬੇਰ ਹੈ। ਅੰਬੇਰ ਦੀ ਤਾਈ ਤਾਂ ਉਸ ਨੂੰ ਇਥੋਂ ਤਕ ਕਹਿ ਦੇਂਦੀ ਹੈ ਕਿ ਉਹ ਤਗੜਾ ਹੋ ਕੇ ਸਾਰੀ ਜ਼ਮੀਨ-ਜਾਇਦਾਦ ਦੀ ਦੇਖਭਾਲ ਕਰੇ। ਅੰਬੇਰ ਵੀ ਸਾਰੇ ਹਾਲਾਤ ਸਮਝਦਾ ਹੈ ਅਤੇ ਆਪਣੀ ਜ਼ਿੰਮੇਵਾਰੀ ਵੀ ਸਮਝਦਾ ਹੈ। ਉਹ ਇਸ ਦੁਚਿੱਤੀ ਦਾ ਸ਼ਿਕਾਰ ਹੈ ਕਿ ਉਹ ਆਪਣੇ ਸੁਪਨਿਆਂ ਨੂੰ ਪੂਰਾ ਕਰੇ ਜਾਂ ਸਾਰੀ ਜ਼ਮੀਨ-ਜਾਇਦਾ ਦੀ ਰਾਖੀ ਕਰੇ। ਉਹ ਇਹ ਵੀ ਸੋਚਦਾ ਹੈ ਕਿ ਅਗਰ ਉਸ ਦੇ ਲਾਪਤਾ ਫੌਜੀ ਭਰਾ ਵਾਪਸ ਆ ਗਏ ਤਾਂ ਫਿਰ ਉਸ ਦਾ ਕੀ ਬਣੇਗਾ ?

ਹੁੰਦਾ ਵੀ ਕੁਝ ਇਸੇ ਤਰ੍ਹਾਂ ਹੀ ਹੈ। ਨਾ ਤੇ ਉਹ ਫੁਟਬਾਲ ਦਾ ਖਿਡਾਰੀ ਬਣਿਆ ਨਾ ਹੀ ਇੰਡੀਅਨ ਏਅਰ ਫੋਰਸ ਵਿਚ ਉਹ ਪਾਇਲਟ ਬਣ ਸਕਿਆ। ਉਸ ਦੇ ਤਾਏ ਚਾਚੇ ਦੇ ਅਤੇ ਆਪਣੇ ਸੱਕੇ ਭਰਾ ਜੋ ਦੂਜੀ ਜੰਗ ਸਮੇਂ ਲਾਪਤਾ ਹੋ ਗਏ ਸਨ, ਸਮਾਂ ਪਾ ਕੇ ਵਾਪਸ ਆ ਜਾਂਦੇ ਹਨ। ਅੰਬੇਰ ਸਿੰਘ ਆਪਣੇ ਭਰਾਵਾਂ ਦੀ ਨਜ਼ਰ ਵਿਚ ਨਿਕੰਮਾ ਸਾਬਿਤ ਹੁੰਦਾ ਹੈ। ਅੰਬੇਰ ਦੇ ਹਿੱਸੇ ਆਈ ਉਹਨਾਂ ਦੀ ਉਪੇਖਿਆ। ਭਰਾਵਾਂ ਨੇ ਆ ਕੇ ਆਪਣੇ ਪਰਿਵਾਰ ਅਤੇ ਆਪਣੇ-ਆਪਣੇ ਕਾਰੋਬਾਰ ਸੰਭਾਲ ਲਏ। ਅੰਬੇਰ ਨੇ ਉਨ੍ਹਾਂ ਲਾਪਤਾ ਭਰਾਵਾਂ ਦੀ ਗ਼ੈਰ-ਹਾਜ਼ਰੀ

ਸਮੇਂ, ਪਰਿਵਾਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸੰਭਾਲਦੇ ਹੋਏ ਆਪਣੇ ਪਿਆਰ ਅਤੇ ਆਪਣੀ ਮੰਗੇਤਰ ਵੱਲ ਧਿਆਨ ਨਹੀਂ ਦਿੱਤਾ। ਮਾਂ ਦੇ ਬਾਰ-ਬਾਰ ਕਹਿਣ ਤੇ ਵੀ ਉਹ ਕਨਾਡਾ ਵਸਦੀ ਆਪਣੀ ਮੰਗੇਤਰ ਕੋਲ ਨਹੀਂ ਜਾਂਦਾ। ਸਮਾਂ ਪਾ ਕੇ ਇਹ ਰਿਸ਼ਤੇ ਵੀ ਉਸ ਦੇ ਹੱਥੋਂ ਨਿਕਲ ਜਾਂਦੇ ਹਨ।

ਅੰਬੇਰ ਸਿੰਘ ਪਿੰਡ ਦੇ ਠਾਕੁਰਾਂ ਦਾ ਪੁੱਤਰ ਸੀ। ਇਹ ਠਕੁਰਾਈ ਵਾਲਾ ਰੂਪ ਹੌਲੀ-ਹੌਲੀ ਸਾਹਮਣੇ ਆਉਣਾ ਸ਼ੁਰੂ ਹੋ ਜਾਂਦਾ ਹੈ। ਉਹ ਖੇਤਾਂ ਬੰਨੇ ਫੇਰਾ ਮਾਰਦਾ। ਜਗੀਰ ਸਾਂਭਣ ਦੇ ਖ਼ਿਆਲ ਨਾਲ ਘੱਟ ਪਰ ਉਹਨਾਂ ਵਿਚ ਘਾਹ ਖੋਤਦੀਆਂ ਅਜਾਤ ਤੇ ਗ਼ੈਰ-ਜ਼ਿਮੀਂਦਾਰ ਮੁਟਿਆਰਾਂ ਨੂੰ ਗੱਭਰੂ ਰਈਸਜ਼ਾਦਿਆਂ ਵਾਲੀ ਤੱਕਣੀ ਤੱਕਦਾ ਹੈ। ਜੇ ਕੋਈ ਕੱਲੀ'-ਦੁਕੱਲੀ ਨੇੜੇ ਖੜਾ ਦੇਖ ਕੇ, "ਘਾਹ ਦੀ ਪੰਡ ਚੁਕਵਾਈਂ ਜਾਂ ਭਰੀ ਨੂੰ ਹੱਥ ਪੁਆਈ" ਆਖਦੀ ਹੈ ਤਾਂ ਉਹ ਸੱਚਮੁੱਚ ਦਾ ਹੱਥ ਪਾ ਲੈਂਦਾ। ਜਾਂ ਉਹਨਾਂ ਦੇ ਮਰਮਰੀ ਸਰੀਰਾਂ ਦੇ ਉਹਨਾਂ ਅੰਗਾਂ ਨੂੰ ਛੁਹੰਦਾ ਤੇ ਟਟੋਲਦਾ ਜਿਸ ਦੀ ਉਸ ਦੀ ਉਮਰ ਦੇ ਹਰ ਮਰਦ ਵਿਚ ਜਗਿਆਸਾ ਹੁੰਦੀ ਹੈ। ਮੌਕਾ ਮਿਲਦਾ ਤਾਂ ਰਜ਼ਾਮੰਦੀ ਜਾਂ ਮੱਲੋਜ਼ੋਰੀ, ਮੁਲਾਇਮ ਸਰੀਰਾਂ ਦੀ ਮੁਲਾਇਮਤਾ, ਗਰਮੀ ਤੇ ਬੁੱਲ੍ਹਾਂ ਦੀ ਮਿਠਾਸ ਵੀ ਮਾਣ ਲੈਂਦਾ।" 134 ਪੰਨਾ))

ਪਰ ਉਸ ਦਾ ਰੂਪ ਜ਼ਿਆਦਾ ਦਿਨ ਛੁਪ ਨਹੀਂ ਸਕਿਆ। ਆਪਣੇ ਸਾਹਮਣੇ ਵਿਆਹੀ ਅਨਾਰਾਂ ਨਾਲ ਉਹ ਜ਼ਬਰਦਸਤੀ ਕਰਦਾ ਹੈ ਤਾਂ ਅਨਾਰਾਂ ਦੀ ਮਾਂ ਬਰਕਤੇ ਉਸ ਨੂੰ ਚੁੱਪ ਰਹਿਣ ਲਈ ਕਹਿੰਦੀ ਹੈ ਕਿਉਂਕਿ "ਧੀਏ, ਸਾਡਾ ਨਸੀਬਾ ` ਜ਼ਮੀਨਾਂ ਵਾਂਗ ਸਾਡੇ ਸਰੀਰਾਂ ਤੇ ਵੀ ਇਨ੍ਹਾਂ ਦਾ ਹੱਕਾ ਹੈ। ਅੰਨਦਾਤੇ ਜਿਉ' ਹੋਏ।" (ਪੰਨਾ 143)

ਅੰਬੇਰ ਦੀ ਮਾਂ ਈਸ਼ਰੋ ਨੂੰ, ਬਰਕਤੇ ਦੇ ਮੂੰਹੋਂ ਜਦੋਂ ਆਪਣੇ ਪੁੱਤਰ ਦਾ ਕਾਰਨਾਮਾ ਪਤਾ ਲਗਦਾ ਹੈ ਤਾਂ ਉਹ ਉਸ ਨੂੰ ਪੈਸੇ ਦੇਂਦੀ ਹੈ ਤੇ ਆਖਦੀ ਹੈ ਕਿ ਅਨਾਰਾਂ ਦਾ ਮੁਕਲਾਵਾ ਟੋਰ ਦੇਵੇ। ਇਸ ਤਰ੍ਹਾਂ ਅੰਬੇਰ ਦੀ ਕਰਤੂਤ ਢੱਕ ਦਿੱਤੀ ਜਾਂਦੀ ਹੈ। ਅੰਬੇਰ ਨੂੰ ਇਕ ਜੋਤਸ਼ੀ ਦੱਸਦਾ ਹੈ ਕਿ ਉਸ ਦਾ ਵਿਆਹ ਸਫਲ ਨਹੀਂ ਹੋਵੇਗਾ। ਪਰ ਉਸ ਦੇ ਚਾਰ ਪੁੱਤਰ ਹੋਣਗੇ। ਅੰਬੇਰ ਦੀ ਪਹਿਲੇ ਮੰਗਣੀ ਟੁੱਟਦੀ ਹੈ ਫਿਰ ਵਿਆਹ ਵੀ ਟੁੱਟ ਜਾਂਦਾ ਹੈ। ਪਰ ਉਹ ਆਪਣੀ ਆਵਾਰਗੀ ਨਾਲ ਪੰਡਤ ਦੀ ਭਵਿੱਖਬਾਣੀ ਜ਼ਰੂਰ ਸੱਚੀ ਕਰ ਦੇਂਦਾ ਹੈ। ਕੇਵਲ ਬਾਹਰ ਹੀ ਨਹੀਂ ਸਗੋਂ ਆਪਣੇ ਹੀ ਘਰ ਆਪਣੀ ਵਿਚਕਾਰਲੀ ਭਰਜਾਈ ਰੱਤੋ ਤੋਂ ਉਸ ਦਾ ਪੁੱਤਰ ਮਨਬੀਰ ਸਿੰਘ ਪੈਦਾ ਹੁੰਦਾ ਹੈ। ਉਸ ਦੇ ਕਾਲਜ ਸਮੇਂ ਦੀ ਪ੍ਰੇਮਿਕਾ ਗੁਰਸ਼ਰਨ ਕੌਰ ਤੋ ਬਿਸ਼ੰਭਰ ਸਿੰਘ ਦਾ ਜਨਮ ਹੁੰਦਾ ਹੈ। ਅਨਾਰਾਂ ਤੋਂ ਬਖਤਾਵਰ ਸਿੰਘ ਤੇ ਦੋਸਤ ਖੁਸ਼ਹਾਲ ਦੀ ਪਤਨੀ ਨਸਰੀਨ ਅਮੀਰ ਦੀ ਮਾਂ ਬਣਦੀ ਹੈ। 'ਕੁਇਟ ਇੰਡੀਆ ਮੂਵਮੈਂਟਵਿਚ ' ............................ ਪੁਲਿਸ ਦੀਆਂ ਲਾਠੀਆਂ ਖਾਣ ਵਾਲਾ ਅੰਬੇਰ ਆਪਣਾ ਇਹ ਕਿਹੜਾ ਰੂਪ ਵਿਖਾ ਰਿਹਾ ਸੀ ? ਉਹ ਆਪਣੇ ਕੀਤੇ ਕਰਮਾਂ ਉਪਰ ਕਿਧਰੇ ਵੀ ਸ਼ਰਮਸਾਰ ਨਹੀਂ ਹੁੰਦਾ ਅਤੇ ਅਖੀਰ ਵਿਚ ਕਲੀਨ ਚਿੱਟ ਲੈਣ ਲਈ ਆਪਣੀ ਸਾਰੀ ਜਾਇਦਾਦ, ਪੈਸਾ ਅਤੇ ਕਾਰੋਬਾਰ ਆਪਣੇ ਚਾਰੋਂ ਪੁੱਤਰਾਂ ਦੇ ਨਾਮ ਕਰਕੇ, ਦੁਨੀਆਂ ਨੂੰ ਅਲਵਿਦਾ ਕਹਿ ਦੇਂਦਾ ਹੈ। ਦੂਜੇ ਪਾਸੇ ਅਸੀਂ ਦੇਖਦੇ ਹਾਂ ਕਿ ਅਨਾਰਾਂ ਤੋਂ ਇਲਾਵਾ ਕਿਸੇ ਨੂੰ ਕੋਈ ਸ਼ਿਕਾਇਤ ਨਹੀਂ। ਭਾਵ ਰੱਤੋ, ਗੁਰਸ਼ਰਨ ਅਤੇ ਨਸਰੀਨ ਦੀ ਸਹਿਮਤੀ ਨਾਲ ਹੀ ਸਭ ਕੁਝ ਹੋਇਆ।

ਵੰਡ ਤੋਂ ਬਾਅਦ ਉਹ ਦਿੱਲੀ ਆ ਕੇ ਇਕ ਸਫਲ ਕਾਰੋਬਾਰੀ ਬਣ ਜਾਂਦਾ ਹੈ। ਲੀਲਾ ਨਾਮ ਦੀ ਔਰਤ ਨਾਲ ਘਰ ਵਸਾਉਣਾ ਚਾਹੁੰਦਾ ਹੈ ਪਰ ਇਥੇ ਉਹ ਧੋਖਾ ਖਾ ਜਾਂਦਾ ਹੈ। ਇਕੱਲੇਪਨ ਨੂੰ ਹੀ ਉਹ ਆਪਣੀ ਤਕਦੀਰ ਮੰਨ ਲੈਂਦਾ ਹੈ। ਉਸ ਨੂੰ ਪਛਤਾਵਾ ਹੈ ਕਿ ਉਹ ਮਾਂ ਦਾ ਕਿਹਾ ਮੰਨ ਕੇ ਕਨਾਡਾ ਚਲਾ ਜਾਂਦਾ ਤਾਂ ਸ਼ਾਇਦ ਅਜਿਹੀ ਦਲਦਲ ਵਿਚ ਨਾ ਫਸਦਾ।

ਨਾਵਲ ਦੇ ਅੰਤ ਵਿਚ ਵਕੀਲ ਨੂੰ ਆਪਣੀ ਵਸੀਅਤ ਸੌਂਪ ਕੇ ਉਹ ਪੰਜਾਬ ਚਲਾ ਜਾਂਦਾ ਹੈ। ਟਰੇਨ ਵਿਚ ਹੀ ਉਸ ਦੀ ਹਾਲਤ ਹੋਰ ਖਰਾਬ ਹੋ ਜਾਂਦੀ ਹੈ। ਇਥੇ ਹੀ ਉਸ ਦਾ ਡਾਕਟਰ ਪੁੱਤਰ ਮਨਬੀਰ ਸਿੰਘ ਉਸ ਨੂੰ ਮਿਲ ਜਾਂਦਾ ਹੈ, ਤੇ ਉਹ ਉਸ ਨੂੰ ਹਸਪਤਾਲ ਲੈ ਜਾਂਦਾ ਹੈ। ਸਾਰਾ ਟੱਬਰ ਭਰਾ-ਭਰਜਾਈਆਂ ਸਭ ਇਕੱਠੇ ਹੋ ਜਾਂਦੇ ਹਨ। ਸਬੱਬ ਨਾਲ ਚਾਰੋਂ ਪੁੱਤਰ ਵੀ ਉਸ ਕੋਲ ਹਨ। ਗੁਰਸ਼ਰਨ ਕੌਰ ਨੂੰ ਛੱਡ ਕੇ ਪੁੱਤਰਾਂ ਦੀਆਂ ਮਾਵਾਂ ਵੀ ਮੌਜੂਦ ਹਨ। ਡਾਕਟਰ ਬੜੀ ਵਾਹ ਲਾਉਂਦੇ ਹਨ ਪਰ ਅਖੀਰ ਅੰਬੇਰ ਸਭ ਨੂੰ ਛੱਡ ਕੇ ਚਲਾ ਜਾਂਦਾ ਹੈ। ਚਾਰੋਂ ਪੁੱਤਰ ਉਸ ਨੂੰ ਅਗਨੀ ਭੇਂਟ ਕਰਦੇ ਹਨ ਰਿਸ਼ਤੇ ਉਪਰ ਮੋਹਰ ਲਗਾ ਦੇਂਦੇ ਹਨ। ਦਿੱਲੀ ਵਾਪਸ ਆਏ ਬਿਸ਼ੰਭਰ ਸਿੰਘ ਨੂੰ ਗੁਰਸ਼ਰਨ ਕੌਰ ਪੁੱਛਦੀ ਹੈ ਕਿ ਉਸ ਦੀ ਚਿਖਾ ਨੂੰ ਅੱਗ ਕਿਸ ਨੇ ਲਗਾਈ ? ਬਿਸ਼ੰਭਰ ਦੱਸਦਾ ਹੈ ਕਿ ਉਸ ਦੇ ਭਤੀਜਿਆਂ ਨੇ ਅੱਗ ਲਗਾਈ। ਮਾਂ ਕੋਲੋਂ ਸਚਾਈ ਛੁਪਾ ਕੇ ਬਿਸ਼ੰਭਰ ਆਪਣੇ ਪਿਤਾ ਦੇ ਕਾਰਨਾਮਿਆਂ ਤੇ ਪਰਦਾ ਵੀ ਪਾ ਦੇਂਦਾ ਹੈ ਅਤੇ ਆਪਣੇ ' ਪਰਿਵਾਰਕ ਜੀਵਨ ਨੂੰ ਵੀ ਸੁਰੱਖਿਅਤ ਕਰ ਲੈਂਦਾ ਹੈ।

ਨਾਵਲ ਵਿਚ ਥਾਂ-ਥਾਂ ਅਜਿਹੇ ਕਈ ਸੰਕੇਤ ਖਿੱਲਰੇ ਮਿਲਦੇ ਹਨ, ਪਰ ਅੰਬੇਰ ਨੇ ਸਾਰੀ ਉਮਰ ਸਚਾਈ ਤੋਂ ਅੱਖਾਂ ਮੀਟੀ ਰੱਖੀਆਂ।

> ਰੱਤੋ ਦਾ ਪੁੱਤਰ..."ਨੀ ਇਹ ਤਾਂ ਨਿਰਾ ਅੰਬੀ ਤੇ ਗਿਆ।" 187 ਪੰਨਾ))

ਬਿਸ਼ੰਭਰ ਨੂੰ ਦੇਖ ਕੇ ਦੇਬੋ ਉਸ ਦੇ ਸਾਹਮਣੇ ਹੱਥ ਵਿਚ ਬੈਗ ਫੜੀ ਇੱਕ ਨੌਜਵਾਨ ਖੜ੍ਹਾ ਸੀ ਜਿਸ ਦੀ ਸੂਰਤ ਅੰਬੇਰ ਸਿੰਘ ਨਾਲ ਐਸੀ ਮਿਲਦੀ ਸੀ ਕਿ..." 298 ਪੰਨਾ))

ਅਨਾਰਾਂ ਦੇ ਪੁੱਤਰ ਨੂੰ ਦੇਖ ਕੇ ਰੱਤੋ ਕਹਿੰਦੀ ਹੈ ਕਿ "ਨੀ ਇਹ ਨਾ ਮਾਂ ਤੇ ਨਾ ਪੇ ਤੇ', ਇਹ ਕਿਹਦੇ ਤੇ'?"

> "ਆਪਣੇ ਠਾਕੁਰਾਂ ਤੇ' ਤੇ ਹੋਰ ਕਿਹਦੇ'..." ਬਰਕਤੇ ਨੇ ਕਿਹਾ। 180 ਪੰਨਾ))
>
> ਬਿਸ਼ੰਭਰ ਨੇ ਦੇਖਿਆ...ਇਕ ਹਮ ਉਮਰ ਮੁੰਡਾ ਵੀ ਹੈ ਜੋ ਬਖਤਾਵਰ ਦਾ ਭਰਾ ਲਗਦਾ ਸੀ... 302 ਪੰਨਾ))

ਅਖੀਰ ਵਿਚ ਇਹ ਚਾਰੋਂ ਵੀ ਜਿਨ੍ਹਾਂ ਦੇ ਨਕਸ਼ ਅੰਬੇਰ ਸਿੰਘ ਨਾਲ ਮਿਲਦੇ ਸਨ, ਉਹ ਵੀ ਇਕ ਦੂਜੇ ਨੂੰ ਦੇਖਦੇ ਹਨ, ਇਕ ਦੂਜੇ ਵਿਚ ਆਪਣਾਂ ਅਕਸ ਵੀ ਪਛਾਣਦੇ ਹਨ ਪਰ ਸਭ ਚੁੱਪ ਹਨ। ਕੋਈ ਵੀ ਕਿਸੀ ਨੂੰ ਪ੍ਰਸ਼ਨ ਨਹੀਂ ਕਰਦਾ।

ਨਾਵਲਕਾਰ ਨੇ ਸਾਡੇ ਸਮਾਜ ਵਿਚ ਪੱਸਰੀ ਜਾਤ-ਪਾਤ ਤੇ ਠਾਕੁਰਾਂ ਦੀ ਠਕੁਰਾਈ ਬੜੇ ਨਿਸ਼ੰਗ ਹੋ ਕੇ ਪੇਸ਼ ਕੀਤੀ ਹੈ। ਜੋ ਸਾਡੇ ਸਮਾਜ ਦਾ ਨਕਾਰਾਤਮਕ ਪਹਿਲੂ ਹੈ। ਅੰਬੇਰ ਦਾ ਦੋਸਤ ਨਾਮ੍ਹਾਂ ਆਪਣੇ ਪੁੱਤਰ ਦਾ ਨਾਮ ਅੰਬੇਰ ਰੱਖਣਾ ਚਾਹੁੰਦਾ ਹੈ ਪਰ ਰੱਖਦਾ ਨਹੀਂ ਕਿਉਂਕਿ ਉਸ ਦਾ ਪਿਉ ਉਸ ਨੂੰ ਆਖਦਾ ਹੈ ਕਿ ਇਸ ਹਰਕਤ ਨਾਲ ਬਾਬੂ ਲੋਕ ਨਾਰਾਜ਼ ਹੋ ਜਾਣਗੇ। (ਠਾਕੁਰ) ਨੀਵੀਂ ਜਾਤ ਵਾਲਾ ਉੱਚੀ ਜਾਤ ਵਾਲੇ ਦਾ ਨਾਮ ਨਹੀਂ ਰੱਖ ਸਕਦਾ ਸੀ।

ਨਾਵਲ ਦੀ ਕਹਾਣੀ ਦੇ ਤਾਣੇ-ਪੇਟੇ ਵਿਚੋਂ ਜਿਵੇਂ-ਜਿਵੇਂ ਅੰਬੇਰ ਦੇ ਜੀਵਨ ਦੀ ਕਹਾਣੀ ਅੱਗੇ ਵਧਦੀ ਹੈ, ਲੇਖਕ ਕਹਾਣੀ ਦੇ ਨਾਲ-ਨਾਲ ਉਸ ਸਮੇਂ ਦੀਆਂ ਸਮਕਾਲੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ ਤੇ ਵਾਪਰਨ ਵਾਲੀਆਂ ਘਟਨਾਵਾਂ ਨੂੰ ਇਤਿਹਾਸਕ ਕ੍ਰਮ ਵਿਚ ਪੇਸ਼ ਕਰੀ ਜਾਂਦਾ ਹੈ। ਨਾਵਲਕਾਰ ਦੀ ਇਹ ਜੁਗਤ ਜਿਥੇ ਕਹਾਣੀ ਵਿਚ ਵਾਸਤਵਿਕਤਾ ਦਾ ਰੰਗ ਭਰਦੀ ਹੈ ਉਥੇ ਨਾਵਲ ਨੂੰ ਇਤਿਹਾਸਕ ਰੰਗਣ ਵੀ ਪ੍ਰਾਪਤ ਹੁੰਦੀ ਹੈ। ਅਪਰੈਲ ਤਕ ਦੀਆਂ ਪ੍ਰਮੁੱਖ 1972 ਤੋਂ ਲੈ ਕੇ 1945 ਘਟਨਾਵਾਂ ਨਾਵਲ ਵਿਚ ਨਾਲ-ਨਾਲ ਚਲਦੀਆ ਹਨ।

ਗੱਲ ਦੂਜ ਵਿਸ਼ਵ ਯੁੱਧ ਨਾਲ ਸ਼ੁਰੂ ਹੁੰਦੀ ਹੈ। ਜਿਸ ਵਿਚ ਰੂਸ, ਜਰਮਨੀ, ਅਮਰੀਕਾ, ਜਾਪਾਨ ਤੇ ਹੋਰ ਕਈ ਦੇਸ਼ ਲੜ ਰਹ ਹਨ। ਅਮਰੀਕਾ ਨੇ ਜਾਪਾਨ ਦੇ ਹੀਰੋਸ਼ੀਮਾ )6 ਅਗਸਤਅਤੇ ( ) ਨਾਗਾਸਾਕੀ9ਅਗਸਤਸ਼ਹਿਰਾਂ ਤੇ ਐਟਮ ਬੰਬ ਸੁੱਟੇ। ਸਿੱਟੇ ( ਸਤੰਬਰ ਨੂੰ ਦੂਜਾ 2 ਵਜੋਂ ਜਾਪਾਨ ਨੇ ਹਥਿਆਰ ਸੁੱਟ ਦਿੱਤੇ। ਵਿਸ਼ਵ ਯੁੱਧ ਖਤਮ ਹੋ ਜਾਂਦਾ ਹੈ। ਲੜਾਈ ਵਿਚ ਗਏ ਫੌਜੀ ਸੁਭਾਸ਼ ਚੰਦਰ ਬੋਸ ਦੀ ਆਈ.ਐਨ.ਏ. ਵਿਚ ਰਲ ਗਏ।

ਆਜ਼ਾਦ ਹਿੰਦ ਫੌਜ ਦੇ ਕੈਦੀਆਂ ਦੀ ਰਿਹਾਈ ਲਈ ਪੰਡਤ ਨਹਿਰੂ ਵਲੋਂ ਪੈਰਵੀ ਕਰਨਾ, 'ਲਾਲ ਕਿਲ੍ਹੇ ਸੇ ਆਈ ਆਵਾਜ਼ ਸਹਿਗਲ-ਢਿੱਲੋਂ-ਸ਼ਾਹ ਨਵਾਜ਼ਆਦਿ ਅਜਿਹੇ ਕਈ ਪ੍ਰਸੰਗ ' ਕਹਾਣੀ ਦੇ ਨਾਲ-ਨਾਲ ਚਲਦੇ ਹਨ।

ਅੰਗ੍ਰੇਜ਼ ਸਰਕਾਰ ਨੇ ਵਿਚ ਭਾਰਤ ਨੂੰ 1947 ਦੀ ਬਜਾਏ 1948 ਆਜ਼ਾਦ ਕਰਨ ਦਾ ਐਲਾਨ ਕੀਤਾ। ਭਾਰਤ ਵੰਡ ਤੇ ਨਤੀਜੇ ਵਜੋਂ ਪਾਕਿਸਤਾਨ ਦਾ ਹੋਂਦ ਵਿਚ ਆਉਣਾ, ਦੇਸ਼ ਵਿਚ ਸੰਪ੍ਰਦਾਇਕ ਦੰਗੇ, ਲੱਖਾਂ ਲੋਕਾਂ ਦੇ ਕਤਲੇਆਮ, ਲੁੱਟ-ਖਸੁੱਟ, ਔਰਤਾਂ ਦੀ ਬੇਪੱਤੀ ਤੇ ਹੋਰ ਬਹੁਤ ਕੁਝ। 1948 ਜਨਵਰੀ 30 ਨੂੰ ਮਹਾਤਮਾ ਗਾਂਧੀ ਦਾ ਕਤਲ, ਕਬਾਇਲੀਆਂ ਦਾ ਭਾਰਤ ਤੇ ਹਮਲਾ, ਮੁੜ ਵਸਾਊ ਮਹਿਕਮੇ ਦੇ ਕੰਮ, ਚੀਨ ਦਾ ਭਾਰਤ ਤੇ ਹਮਲਾ, ਵਿਚ ਨਹਿਰੂ ਦੀ ਮੌਤ ਤੇ ਲਾਲਾ ਬਹਾਦਰ 1963 ਸ਼ਾਸਤਰੀ ਦਾ ਪ੍ਰਧਾਨ ਮੰਤਰੀ ਬਣਨਾ, ਦੀ 1965ਲੜਾਈ, ਤਾਸ਼ਕੰਦ ਸਮਝੌਤੇ ਉਪਰੰਤ ਲਾਲ ਬਹਾਦਰ ਸ਼ਾਸਤਰੀ ਦੀ ਮੌਤ, ਬੰਗਲਾ ਦੇਸ਼ ਦਾ ਜਨਮ।

ਨਾਵਲ ਵਿਚ ਆਪਣੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਅੰਬੇਰ, ਲਾਲਾ ਲਾਜਪਤ ਰਾਏ, ਅਰੁਣਾ ਆਸਫ ਅਲੀ, ਲਾਲ ਬਹਾਦਰ ਸ਼ਾਸਤਰੀ, ਜੈ ਪ੍ਰਕਾਸ਼ ਨਾਰਾਇਣ, ਅਸ਼ੋਕ ਮਹਿਤਾ, ਸ਼ੇਖ ਅਬਦੁੱਲਾ ਅਤੇ ਹੋਰ ਕਈ ਮਹਾਨ ਨੇਤਾਵਾਂ ਦੇ ਸੰਪਰਕ ਵਿਚ ਸੀ। ਇਥੋਂ ਤਕ ਕਿ ਪ੍ਰਸਿੱਧ ਗਾਇਕ ਆਸਾ ਸਿੰਘ ਮਸਤਾਨਾ ਉਸ ਦਾ ਸਹਿਪਾਠੀ ਸੀ।

ਇਥੇ ਹੀ ਬਸ ਨਹੀਂ ਗੁਰਸ਼ਰਨ ਦਾ ਪਤੀ ਸਰਤਾਜ ਪਾਕਿਸਤਾਨ ਨਾਲ ਹੋਈ ਲੜਾਈ ਦੇ ਹਵਾਲੇ ਨਾਲ ਦੱਸਦਾ ਹੈ :

"ਕਿੰਨਾ ਚੰਗਾ ਹੁੰਦਾ ਜੇ ਪੰਡਤ ਨਹਿਰੂ ਵਿਚ ਕਰਨਲ 1948 ਕਰਿਅੱਪਾ ਦਾ ਕਹਿਣਾ ਮੰਨ ਕੇ ਸੀਜ਼ ਫਾਇਰ ਦੋ ਦਿਨ ਹੋਰ ਵਧਾ ਦੇਂਦੇ। ਅਸੀਂ ਰਾਵਲਪਿੰਡੀ ਤੇ ਪੇਸ਼ਾਵਰ ਲੈ ਲਿਆ ਸੀ। ਸਾਰੇ ਕਸ਼ਮੀਰ ਦਾ ਟੰਟਾ ਹੀ ਮੁੱਕ ਜਾਣਾ ਸੀ।...ਪਰ ਸਿਆਸਤਦਾਨ ਫੌਜੀਆਂ ਦੀ ਗੱਲ ਕਦੋਂ ਸੁਣਦੇ ਹਨ।" (ਪੰਨਾ 221)

ਅਜਿਹੇ ਹਵਾਲਿਆਂ ਨਾਲ ਨਾਵਲ ਆਪਣੇ ਵਿਚ ਕਈ ਇਤਿਹਾਸਕ ਸੱਚ ਸਾਂਭੀ ਬੈਠਾ ਹੈ। ਪਿੰਡ ਵਿਚ ਗੱਲਾਂ ਕਰਦੇ ਅੰਬੇਰ ਨੂੰ ਚਾਚੇ ਦਾਸ ਕੋਲੋਂ ਪਤਾ ਚਲਦਾ ਹੈ ਕਿ ਬ੍ਰਿਟਿਸ਼ ਆਰਮੀ ਵਿਚ ਭਰਤੀ ਹੋਣ ਬਦਲੇ ਜ਼ਮੀਨ ਦਾ ਵੱਡਾ ਲਾਲਚ ਵੀ ਦਿੱਤਾ ਜਾਂਦਾ ਸੀ।

"ਮੁੰਡੇ ਨੂੰ ਭਰਤੀ ਕਰਾ ਦੇ, ਸਰਕਾਰੋਂ ਚਾਰ ਖੇਤ ਲੈ ਦਊ।" (ਪੰਨਾ 43)

ਜ਼ਮੀਨ ਦਾ ਲਾਲਚ ਰਿਸ਼ਤਿਆਂ ਨੂੰ ਵੀ ਦਾਅ ਤੇ ਲਗਾ ਦੇਂਦਾ ' ਹੈ। ਜਦੋਂ ਅੰਬੇਰ ਦੇ ਲਾਪਤਾ ਫੌਜੀਭਰਾ ਵਾਪਸ ਆਉਂਦੇ ਹਨ, ਤਾਂ ਪਤਾ ਲਗਦਾ ਹੈ ਕਿ ਉਸ ਦੇ ਤਾਏ ਨੇ, ਉਸ ਦੇ ਭਰਾਵਾਂ ਦੀ ਭਰਤੀ ਬਦਲੇ ਮਿਲੀ ਸਾਰੀ ਜ਼ਮੀਨ ਆਪਣੇ ਨਾਮ ਕਰਾ ਲਈ

ਸੀ। ਈਸ਼ਰੋ ਇਸੇ ਸਦਮੇ ਵਿਚ ਕਮਲੀ ਹੋਈ ਰੁਲ-ਰੁਲ ਕੇ ਮਰ ਜਾਂਦੀ ਹੈ।

ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਨਾਵਲਕਾਰ ਨੇ ਅਤੀਤ ਦੀਆਂ ਜਿਨ੍ਹਾਂ ਯਾਦਾਂ ਨੂੰ ਸਾਡੇ ਨਾਲ ਸਾਂਝਾ ਕੀਤਾ ਹੈ ਉਹ ਬਹੁਤ ਸਪੱਸ਼ਟ ਅਤੇ ਸਾਫ ਹਨ ਕਿ ਉਨ੍ਹਾਂ ਦੀ ਪ੍ਰਸਤੁਤੀ ਨੇ ਨਾਵਲ ਰਾਹੀਂ ਉਸ ਸਮੇਂ ਦੇ ਸਮਾਜ ਨੂੰ ਸਮਝ ਸਕਦੇ ਹਾਂ। ਹਰ ਗੱਲ ਨੂੰ ਐਨਾ ਸਪੱਸ਼ਟ ਕਰਕੇ ਲਿਖਿਆ ਹੈ ਕਿ ਨਾਵਲ ਪੜ੍ਹਦੇ ਹੋਏ ਅਸੀਂ ਵੀ ਉਸ ਕਾਲ ਵਿਚ ਆਪਣੇ ਆਪ ਨੂੰ ਖੜੇ ਮਹਿਸੂਸ ਕਰ ਸਕਦੇ ਹਾਂ।

## ਟਿਪੱਣੀਆਂ ਅਤੇ ਹਵਾਲੇ


1. ਨਿਪੱਤਾ ਰੁੱਖ, ਨਦੀਮ ਪਰਮਾਰ, ਚੇਤਨਾ ਪ੍ਰਕਾਸ਼ਨ ਲੁਧਿਆਣਾ,2014 (ਪੰਨਾ 9)
2. ਉਹੀ ਪੰਨਾ 134
3. ਉਹੀ ਪੰਨਾ 143
4. ਉਹੀ ਪੰਨਾ 187
5. ਉਹੀ ਪੰਨਾ 298
6. ਉਹੀ ਪੰਨਾ 180
7. ਉਹੀ ਪੰਨਾ 302
8. ਉਹੀ ਪੰਨਾ 221
9. ਉਹੀ ਪੰਨਾ 43